**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/80057-80078
ਮਿਤੀ ਚੰਡੀਗੜ੍ਹ 22.05.2012

**ਵਿਸ਼ਾ: ਗਰਮੀ ਦੀਆਂ ਛੁੱਟੀਆਂ ਹੋਣ ਤੋਂ ਪਹਿਲਾਂ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਘਰ ਦੇ ਕੰਮ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਜੂਨ ਮਹੀਨੇ ਵਿਚ ਸਕੂਲਾਂ ਵਿਚ ਗਰਮੀ ਦੀਆਂ ਛੁੱਟੀਆਂ ਹੋ ਜਾਂਦੀਆਂ ਹਨ, ਇਸ ਦੌਰਾਨ ਕਈ ਵਾਰ ਅਧਿਆਪਕ ਬੱਚਿਆਂ ਨੂੰ ਇਸ ਤਰ੍ਹਾਂ ਦਾ ਕੰਮ ਘਰੋਂ ਕਰਨ ਲਈ ਦੇ ਦਿੰਦੇ ਹਨ ਜੋ ਕਿ ਬੱਚੇ ਦੁਆਰਾ ਆਪਣੇ ਆਪ ਕਰਨਾ ਸੰਭਵ ਨਹੀਂ ਹੁੰਦਾ ਜਾਂ ਫਿਰ ਇੰਨਾ ਜ਼ਿਆਦਾ ਕੰਮ ਦੇ ਦਿੱਤਾ ਜਾਂਦਾ ਹੈ ਕਿ ਬੱਚਾ ਉਸ ਕੰਮ ਨੂੰ ਰੁਚੀ ਨਾਲ ਨਹੀਂ ਕਰਦਾ।

3.0 ਸਮੂਹ ਸਕੂਲ ਮੁਖੀਆਂ ਨੂੰ ਇਹ ਲਿਖਿਆ ਜਾਂਦਾ ਹੈ ਕਿ ਬੱਚਿਆਂ ਨੂੰ ਛੁੱਟੀਆਂ ਦਾ ਕੰਮ ਇਸ ਤਰੀਕੇ ਨਾਲ ਦਿੱਤਾ ਜਾਵੇ ਜਿਸ ਨੂੰ ਬੱਚੇ ਆਸਾਨੀ ਨਾਲ ਕਰ ਵੀ ਸਕਣ ਅਤੇ ਕੰਮ ਵਿਚ ਬੱਚੇ ਦੀ ਰੁਚੀ ਵੀ ਬਣੀ ਰਹੇ। ਦਿੱਤੇ ਗਏ ਕੰਮ ਨੂੰ ਬਾਅਦ ਵਿੱਚ ਹਰ ਹਾਲਤ ਵਿੱਚ ਜ਼ਰੂਰ ਚੈੱਕ ਕੀਤਾ ਜਾਵੇ।

4.0 ਹਰੇਕ ਪ੍ਰਾਇਮਰੀ ਸਕੂਲ ਅੰਦਰ ਰੀਡਿੰਗ ਸੈੱਲ ਸਥਾਪਤ ਕੀਤਾ ਹੋਇਆ ਹੈ। ਜਿਸ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਪੜ੍ਹਨ ਲਈ ਕਿਤਾਬਾਂ ਅਤੇ ਮੈਗਜ਼ੀਨ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਸਕੂਲਾਂ ਨੂੰ ਭੇਜੇ ਗਏ ਹਨ। ਰੀਡਿੰਗ ਸੈੱਲ ਦੀ ਮਹੱਤਤਾ ਅਤੇ ਕਿਤਾਬਾਂ ਪੜ੍ਹਨ ਦੀ ਬੱਚਿਆਂ ਅੰਦਰ ਰੌਚਿਕਤਾ ਪੈਦਾ ਕਰਨ ਲਈ ਗਰਮੀ ਦੀਆਂ ਛੁੱਟੀਆਂ ਦਾ ਸਮਾਂ ਸਭ ਤੋਂ ਬਿਹਤਰ ਹੋਵੇਗਾ ਜੇਕਰ ਅਸੀਂ ਇਸਦਾ ਯੋਗ ਫਾਇਦਾ ਉਠਾ ਲਈਏ। ਸੋ ਰੀਡਿੰਗ ਸੈੱਲ ਅੰਦਰ ਭੇਜੀਆਂ ਗਈਆਂ ਵਿਭਾਗ ਵੱਲੋਂ ਸਾਰੀਆਂ ਕਿਤਾਬਾਂ ਬੱਚਿਆਂ ਨੂੰ ਛੁੱਟੀਆਂ ਤੋਂ ਪਹਿਲਾਂ ਜਾਰੀ ਕਰ ਦਿੱਤੀਆਂ ਜਾਣ।

5.0 ਬੱਚਿਆਂ ਨੂੰ ਛੁੱਟੀਆਂ ਦੌਰਾਨ ਇਸ ਗੱਲ ਲਈ ਪ੍ਰੇਰਿਤ ਕੀਤਾ ਜਾਵੇ ਕਿ ਉਹ ਇਕ ਦੂਸਰੇ ਤੋਂ ਕਿਤਾਬਾਂ ਲੈ ਕੇ ਪੜ੍ਹਨ ਅਤੇ ਚੰਗੀਆਂ ਕਵਿਤਾਵਾਂ, ਕਹਾਣੀਆਂ ਆਦਿ ਨੂੰ ਆਪਣੀ ਪੱਧਰ ਤੇ ਲਿਖ ਕੇ ਦੇਖਣ। ਨਾਲ ਹੀ ਅਧਿਆਪਕਾਂ ਲਈ ਇਹ ਜ਼ਰੂਰੀ ਹੈ ਕਿ ਜਦ ਛੁੱਟੀਆਂ ਖ਼ਤਮ ਹੋਣਗੀਆਂ ਤਾਂ ਬੱਚਿਆਂ ਦੁਆਰਾ ਪੜ੍ਹੀਆਂ ਗਈਆਂ ਕਿਤਾਬਾਂ ਬਾਰੇ ਜਰੂਰ ਬੱਚਿਆਂ ਨਾਲ ਗੱਲਬਾਤ ਕੀਤੀ ਜਾਵੇ ਜਿਹਨਾਂ ਬੱਚਿਆਂ ਨੇ ਸਭ ਤੋਂ ਜ਼ਿਆਦਾ

ਕਿਤਾਬਾਂ ਪੜ੍ਹੀਆਂ ਜਾਂ ਕਹਾਣੀਆਂ, ਕਵਿਤਾਵਾਂ ਆਦਿ ਲਿਖੀਆਂ ਹੋਣ ਉਹਨਾਂ ਬੱਚਿਆਂ ਦੇ ਨਾਂ ਦਾ ਵਿਸੇਸ਼ ਤੌਰ 'ਤੇ ਸਵੇਰ ਦੀ ਸਭਾ ਵਿੱਚ ਜ਼ਿਕਰ ਕੀਤਾ ਜਾਵੇ। ਅਜਿਹੇ ਬੱਚਿਆਂ ਦਾ ਰਿਕਾਰਡ ਵੀ ਸਕੂਲ ਅੰਦਰ ਤਿਆਰ ਕਰਕੇ ਰੱਖਿਆ ਜਾਵੇ।

6.0 ਚੌਥੀ ਪੰਜਵੀਂ ਦੇ ਬੱਚਿਆਂ ਨੂੰ ਜਮਾਤ ਅਨੁਸਾਰ ਪੰਜਾਬੀ ਦੀ ਪਾਠ ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਗੀਤ ਰੂਪ ਵਿਚ ਤਿਆਰ ਕਰਨ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਵਾਤਾਵਰਨ ਸਿੱਖਿਆ ਨਾਲ ਸਬੰਧਤ ਛੋਟੇ ਛੋਟੇ ਪ੍ਰੋਜੈਕਟ ਜਿਵੇਂ ਵੱਖ ਵੱਖ ਪੌਦਿਆਂ ਦੇ ਪੱਤੇ, ਫੁੱਲ, ਦਾਲਾਂ ਜਾਂ ਅਨਾਜ ਦੇ ਬੀਜ ਇਕੱਠੇ ਕਰਕੇ ਕਾਪੀ ਤੇ ਚਿਪਕਾਉਣੇ ਅਤੇ ਹੇਠਾਂ ਉਹਨਾਂ ਦੇ ਨਾਂ ਲਿਖਣੇ। ਇਸ ਤੋਂ ਇਲਾਵਾ ਉਂਗਲਾਂ ਦੇ ਨਿਸ਼ਾਨ ਤੋਂ ਪੇਂਟਿੰਗ ਬਣਾਉਣੀ, ਵੱਖ ਵੱਖ ਅਖਬਾਰਾਂ ਵਿਚੋਂ 'ਆਮ ਗਿਆਨ ਦੀਆਂ ਗੱਲਾਂ' ਕੱਟ ਕੇ ਇਕੱਠੀਆਂ ਕਰਨੀਆਂ ਅਤੇ ਕਿਸੇ ਕਾਪੀ (ਸਕਰੈਪ ਬੁੱਕ) ਤੇ ਚਪਕਾਉਣ ਲਈ ਕਿਹਾ ਜਾਵੇ।

7.0 ਚੌਥੀ ਪੰਜਵੀਂ ਦੇ ਬੱਚਿਆਂ ਨੂੰ ਗੁੱਡੀ ਪੇਪਰ ਤੋਂ ਕਰਾਫਟ ਦਾ ਕੰਮ, ਕੱਪੜੇ ਦੀ ਵਰਤੋਂ ਨਾਲ ਗੁੱਡੀਆਂ ਪਟੋਲੇ ਤਿਆਰ ਕਰਨਾ, ਵਾਧੂ ਸਮਾਨ (ਵੇਸਟ ਮਟੀਰੀਅਲ) ਤੋਂ ਸਮਾਨ ਤਿਅਰ ਕਰਨਾ ਅਤੇ ਗਰੀਟਿੰਗ ਕਾਰਡ ਬਣਾਉਣ ਦਾ ਕੰਮ ਪ੍ਰੋਜੈਕਟ ਦੇ ਤੌਰ ਤੇ ਦਿੱਤਾ ਜਾਵੇ।

8.0 ਨੈਤਿਕ ਕਦਰਾਂ-ਕੀਮਤਾਂ ਸਬੰਧੀ ਕੋਈ ਕਹਾਣੀ, ਕਵਿਤਾ ਘਰੋਂ ਲਿਖ ਕੇ ਲਿਆਉਣ ਲਈ ਵੀ ਬੱਚਿਆਂ ਨੂੰ ਕਿਹਾ ਜਾਵੇ।

9.0 ਬੱਚਿਆਂ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜੀ ਦੀ ਸੁੰਦਰ ਲਿਖਾਈ ਲਿਖਣ, ਪਹਾੜੇ ਯਾਦ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ. ਉਕਤ/80079** **ਮਿਤੀ: 22.05.2012**

ਉਤਾਰਾ: (1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈਬਸਾਈਟ ਰਾਹੀਂ)।
(2) ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)।
(3) ਡੀ.ਐਮ. (ਐਮ.ਆਈ.ਐਸ.) ਵੈਬਸਾਈਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**